## ਸਾਧ ਸੰਗਤ ਜੀ
## ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ !!!

ਮੌਜੂਦਾ ਵਰਕਿੰਗ ਕਮੇਟੀ ਸੰਗਤ ਦੀ ਜਵਾਬਦੇਅ ਹੈ । ਇਸ ਸਾਲ ਦੀ ਅੰਤਿਮ ਰਿਪੋਰਟ ਸਾਲ ੨੦੧੧ ਦੀ ਸਮੁੱਚੀ ਕਾਰਗੁਜਾਰੀ ਅਤੇ ਵਿਕਾਸ ਤੇ ਚਾਨਣਾ ਪਾਉਂਦੀ ਹੈ ।

ਅਸੀਂ ਇਹ ਦੱਸਣਾ ਚਾਹੁੰਦੇ ਹਾਂ ਕਿ ਸਾਲ ੨੦੧੧ ਕਾਫੀ ਮੁਸ਼ਕਿਲ ਭਰਪੂਰ ਸੀ ਕਿਉਂ ਕਿ ਲਗ-ਭਗ ੧੦ ਸਾਲ ਤੋਂ ਇੱਥੇ ਕਿਸੇ ਕਮੇਟੀ ਦੀ ਕੋਈ ਚੋਣ ਨਹੀਂ ਸੀ ਹੋਈ । ਸੰਗਤ ਦਾ ਵਿਸ਼ਵਾਸ ਬਹਾਲ ਕਰਨਾ ਇੱਕ ਬਹੁਤ ਵੱਡੀ ਚੁਨੌਤੀ ਸੀ । ਸਾਡੇ ਸਾਹਮਣੇ ਦੋ ਚੋਣਾਂ ਸਨ {੧} ਕੀਹ ਅਸੀਂ ਭਵਿੱਖ ਦੀ ਉੱਨਤੀ ਨੂੰ ਅੱਖੋਂ ਪਰੋਖੇ ਕਰਕੇ ਕੇਵਲ ਬੀਤੇ ਵੱਲ ਹੀ ਵੇਖਦੇ ਰਹੀਏ {੨} ਜਾਂ GSSA ਦੇ ਸੁਨਹਿਰੀ ਭਵਿੱਖ ਨੂੰ ਉੱਜਲਾ ਬਨਾਉਣ ਲਈ ਮਿਲ ਕੇ ਅੱਗੇ ਵਧੀਏ ? ਅਸੀਂ ਨੰਬਰ ੨ ਦੀ ਚੋਣ ਕੀਤੀ ਅਤੇ ਸਾਰਿਆਂ ਨਾਲ ਮਿਲ ਕੇ ਇਹ ਸਕਾਰਾਤਮਕ ਕਦਮ ਅੱਗੇ ਵਧਾਏ !

**Our Darbar Hall**





**Special Decoration by Sangat members on Vaisakhi**

# ਹਰਭਜਨ ਸਿੰਘ ਨਈਯਰ ਪ੍ਰਧਾਨ, ਗੁਲਸ਼ਨ ਸਿੰਘ ਮੀਤ ਪ੍ਰਧਾਨ ਵੱਲੋਂ

# ਸਲਾਨਾ ਰਿਪ੍ਰੋਟ

## ਸੰਗਤ ਲਈ ਖੁੱਲੇ ਤੌਰ ਤੇ ਜਾਣਕਾਰੀ

- GSSA ਦਾ ਸੰਵਿਧਾਨ ਵਰਕਿੰਗ ਕਮੇਟੀ ਲਈ ਕੰਮ ਕਰਨ ਦੀਆਂ ਹਿਦਾਇਤਾਂ ਜਾਰੀ ਕਰਦਾ ਹੈ ਕਮੇਟੀ ਵੱਲੋਂ GSSA ਨੂੰ ਸੰਵਿਧਾਨ ਦੇ ਮੁਤਾਬਿਕ ਚਲਾਉਣ ਦੀ ਫਿਰ ਤੋਂ ਸ਼ੁਰੂਆਤ ।
- **ਸੰਗਤ ਲਈ, ਸੰਗਤ ਦਾ,** ਅਤੇ **ਸੰਗਤ ਦਵਾਰਾ** ਸਿਧਾਂਤ ਦੀ ਪਾਲਨਾ ਕੀਤੀ ਗਈ । ਸਾਰੇ ਸਵਾਲਾਂ ਦੇ ਜਵਾਬ ਲੋਕ-ਰਾਜ ਤਰੀਕੇ ਨਾਲ ਦਿੱਤੇ ਗਏ । ਵਰਕਿੰਗ ਕਮੇਟੀ ਦੇ ਇਕੱਠ ਸਮੇਂ ਅਨੁਸਾਰ ਕੀਤੇ ਜਾਂਦੇ ਰਹੇ ।
- ਗੁਰਦਵਾਰਾ ਸਾਹਿਬ ਦੀ ਸਾਰੀ ਕਾਰਗੁਜ਼ਾਰੀ ਸਟੇਜ ਰਾਹੀਂ, ਜਨਰਲ ਬਾਡੀ, ਜਾਂ ਖੁੱਲੇ ਇਕੱਠਾਂ ਰਾਹੀਂ ਸੰਗਤ ਤੱਕ ਪੰਹੁਚਾਈ ਗਈ ।
- ਨਵੀਂ ਵੈੱਬ ਸਾਈਟ (http://www.gssa.us) ਸ਼ੁਰੂ ਕੀਤੀ ਗਈ ਅਤੇ ਇਸ ਸਾਈਟ ਤੇ ਗੁਰਦਵਾਰਾ ਬੱਜਟ, ਲੇਖਾ-ਜੋਖਾ, ਖਬਰਾਂ, ਤੇ ਹੋਰ ਜਾਣਕਾਰੀ ਪਾਈ ਗਈ । ਕਿਰਪਾ ਕਰਕੇ ਇਸ ਸਾਈਟ ਤੇ ਜਾਇਆ ਕਰੋ ਜੀ ।

## ਸਿੱਖੀ ਬਾਰੇ ਜਾਗਰੂਕਤਾ

ਸਾਨੂੰ ਆਪਣੇ ਸਮਾਜ ਅਤੇ ਬੱਚਿਆਂ ਦੀ ਭਲਾਈ ਵਾਸਤੇ ਅਮੇਰਿਕਨ ਸਮਾਜ ਦੇ ਰੂ-ਬਰੂ ਹੋਣ ਦੀ ਜਰੂਰਤ ਹੈ ।



- Congressmen Rush Holt ਉਚੇਚੇ ਤੌਰ ਤੇ ਗੁਰੂ-ਘਰ ਆਏ ਤੇ ਵਾਅਦਾ ਕੀਤਾ ਕਿ ਉਹ ਜ਼ਰੂਰਤ ਪੈਣ ਤੇ ਸਿੱਖ ਸਮਾਜ ਦੀ ਸਹਾਇਤਾ ਕਰਨ ਗੇ । ਉਸ ਨੇ ਨੌਜਵਾਨ ਬੱਚਿਆਂ ਦੇ ਸਵਾਲਾਂ ਦੇ ਜਵਾਬ ਦਿੱਤੇ ।




- Sikh Collation ਨਾਲ ਸਾਂਝ ਦੇ ਨਤੀਜੇ ਵਜੋਂ White House ਤੋਂ ਉਚੇਚਾ ਸੱਦਾ, ਸਕੂਲਾਂ ਵਿੱਚ ਬਚਿੱਆਂ ਨਾਲ ਹੁੰਦੀ ਸ਼ਰਾਰਤ-ਬਾਜੀ ਦੇ ਬਚਾਅ ਲਈ ਆਇਆ ਅਤੇ White House ਵੱਲੋਂ ਇਸੇ ਹੀ ਮਨੋਰਥ ਨੂੰ ਮੁਖ ਰੱਖਦਿਆਂ ਸੰਗਤ ਲਈ ਬੱਸ ਭੇਜੀ ਗਈ । ਇਸ ਸੰਮੇਲਨ ਵਿੱਚ ਵਿਚਾਰ ਵਿਮ੍ਰਸ਼ ਹੋਇਆ ਤੇ ਸਾਡੇ ਸਮਾਜ ਜਾਂ ਬੱਚਿਆਂ ਨੂੰ ਜਰੂਰਤ ਪੈਣ ਤੇ ਸਰਕਾਰ ਤੱਕ ਪੰਹੁਚ ਕਰਨ ਲਈ ਯੋਗ ਜਾਣਕਾਰੀ ਪ੍ਰਾਪਤ ਹੋਈ ।

## GSSA ਦੇ ਸੇਵਾਦਾਰਾਂ ਦੇ ਕੰਮਾਂ ਦੀ ਲਿਖਤੀ ਤੌਰ ਤੇ ਸਹੀ ਰੂਪ-ਰੇਖਾ ਅਤੇ ਉਹਨਾਂ ਦੀ ਮਨੋਂ ਤਸੱਲੀ ਵਿੱਚ ਵਾਧਾ

- ਗੁਰੂ-ਘਰ ਵਿੱਚ ਕੰਮ ਕਰਨ ਵਾਲੇ ਮੁਲਾਜ਼ਮਾਂ ਦੀਆਂ ਜਿੰਮੇਵਾਰੀਆਂ ਅਤੇ ਕੰਮ ਦਾ ਸਮਾਂ ਨੀਯਤ ਕੀਤਾ ਗਿਆ, ਉਹ ਹੁਣ ਆਪਣੀਆਂ ਜਿੰਮੇਵਾਰੀਆਂ ਤੋਂ ਪੂਰੀ ਤਰ੍ਹਾਂ ਵਾਕਿਫ ਹਨ । ਉਹਨਾਂ ਨਾਲ ਗੁਰੂ-ਘਰ ਦੇ ਵਿਕਾਸ ਲਈ ਸਮੇਂ-ਸਮੇਂ ਗੱਲ-ਬਾਤ ਕੀਤੀ ਗਈ ।
- ਪਹਿਲਾਂ ਸਾਰੇ ਮੁਲਾਜ਼ਮ ਨਕਦ ਆਧਾਰ ਤੇ ਕੰਮ ਕਰਦੇ ਸਨ ਜਿਸ ਕਰਕੇ ਉਹ ਵੱਡੀ ਉਮਰ ਵਿੱਚ ਸੋਸ਼ਲ ਸਿਕਿਉਰਿਟੀ ਦੇ ਲਾਭ ਤੋਂ ਵਾਂਝੇ ਸਨ, ਹੁਣ ਉਹਨਾਂ ਨੂੰ ਪੇਅ ਚੈਕਸ ਤੇ ਪਾਇਆ ਗਿਆ ਹੈ ਜਿਸ ਕਰਕੇ ਉਹ ਸਟੇਟ ਅਤੇ ਫੈਡਰਲ ਗਵਰਨਮੈਂਟ ਤੋਂ ਬਣਦੇ ਲਾਭ ਲੈ ਸਕਣਗੇ ।

## ਸੁਰੱਖਿਆ, ਰੱਖ-ਰਖਾਵ ਅਤੇ ਨਵੀਆਂ ਪਰਿਯੋਜਨਾਵਾਂ

- ਗੁਰਦਵਾਰਾ ਸਾਹਿਬ ਦੀ ਖੂਬਸੂਰਤੀ ਅਤੇ ਸੁਰੱਖਿਆ ਵੱਲ ਖਾਸ ਧਿਆਨ ਦਿੱਤਾ ਗਿਆ ।.



# ਚਰਣਜੀਤ ਸਿੰਘ ਖਜਾਨਚੀ

## ਖਜਾਨਚੀ ਵੱਲੋਂ ਰਿਪ੍ਰੋਟ

### ਨਵੀਂ ਤਕਨੀਕ ਦੁਆਰਾ ਸਾਫ ਤੇ ਸੁਚੱਜੀ ਲੇਖਾਕਾਰੀ

- ਗੁਰਦਵਾਰਾ ਸਾਹਿਬ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰੀ ਹੋਇਆ ਕਿ ਸਾਰੇ ਖਾਤੇ Quick Books software ਰਾਹੀਂ Internet ਤੇ ਕੀਤੇ ਗਏ ।
- ਹਰ ਤੀਸਰੇ ਮਹੀਨੇ ਸੰਗਤ ਨੂੰ ਸਾਰੇ ਹਿਸਾਬ ਤੋਂ ਜਾਣੂ ਕਰਵਾਇਆ ਗਿਆ । ਸੰਗਤ ਕਿਸੇ ਸਮੇਂ ਕਿਸੇ ਵੀ ਖਾਤੇ ਦੀ ਜਾਣਕਾਰੀ ਪ੍ਰਾਪਤ ਕਰ ਸਕਦੀ ਹੈ ।
- ਜਦੋਂ ਅਸੀਂ ਗੁਰੂ-ਘਰ ਦੀ ਸੇਵਾ ਸੰਭਾਲੀ ਸੀ, ਗੁਰੂ-ਘਰ ਦੀ ਇਮਾਰਤ ਦੀ ਕਿਸ਼ਤ ਅਦਾ ਕਰਨ ਲਈ ਵੀ ਗੁਰੂ-ਘਰ ਦੇ ਖਾਤੇ ਵਿੱਚ ਮਾਇਆ ਨਹੀਂ ਸੀ, ਅਸੀਂ ਸੰਗਤ ਕੋਲੋਂ ਮਾਇਆ ਉਧਾਰ ਲੈ ਕੇ ਕਿਸ਼ਤਾਂ ਅਦਾ ਕੀਤੀਆਂ । ਅਸੀਂ ਸੰਗਤ ਤੋਂ ਲਿਆ ਹੋਇਆ ਉਧਾਰ ਵੀ ਵਾਪਿਸ ਕੀਤਾ ਅਤੇ ਹੁਣ ਕਿਸ਼ਤਾਂ ਵੀ ਠੀਕ ਢੰਗ ਨਾਲ ਚੱਲ ਰਹੀਆਂ ਹਨ । ਇਸ ਲਈ ਸਭ ਦਾ ਧੰਨਵਾਦ ਹੈ !
- ਅਸੀਂ ਹੁਣ ਕਰੈਡਿਟ ਕਾਰਡ ਰਾਹੀਂ ਵੀ ਸੰਗਤ ਤੋਂ ਮਾਇਆ ਦੀ ਸੇਵਾ ਪ੍ਰਾਪਤ ਕਰ ਸਕਦੇ ਹਾਂ ।
- ਗੁਰਦਵਾਰਾ ਸਾਹਿਬ ਦੇ ਸਾਰੇ ਖਰਚੇ ਹੁਣ ਠੀਕ ਢੰਗ ਨਾਲ ਚੱਲ ਰਹੇ ਹਨ ।
- ਸੰਗਤ ਦੀ ਮੰਜੂਰੀ ਨਾਲ ੨੦੧੧ ਦਾ ਬੱਜਟ ਪਾਸ ਕੀਤਾ ਗਿਆ ।
- ਬੀਤੇ ੧੦ ਸਾਲਾਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਨ ਲਈ ਸੰਗਤ ਦੀ ਸਲਾਹ ਡਾਕ ਰਾਹੀਂ ਲਈ ਗਈ । ਮੌਜੂਦਾ ਕਮੇਟੀ ਇਸ ਕਾਰਜ ਨੂੰ ਇਸ ਕਰਕੇ ਨਹੀਂ ਕਰ ਸੱਕੀ ਕਿ ਕਮੇਟੀ ਦੇ ਸਾਹਮਣੇ ਹੋਰ ਕਈ ਮੁੱਦੇ ਸਨ ਜਿਵੇਂ {ਸੇਫਟੀ ਅਤੇ ਆਰਥਿਕਤਾ} ਅਤੇ ਮੌਜੂਦਾ ਹੋਰ ਕਮੇਟੀਆਂ ਨਾਲ ਵੀ ਇਸ ਮੁੱਦੇ ਤੇ ਪੂਰੀ ਸਹਿਮਤੀ ਨਹੀਂ ਹੋਈ ਕਿ ਇਸ ਕਾਰਜ ਨੂੰ ਕਿਵੇਂ ਕੀਤਾ ਜਾਵੇ । ਅਸੀਂ ਆਸ ਕਰਦੇ ਹਾਂ ਕਿ ਸਾਲ ੨੦੧੨ ਦੀ ਕਮੇਟੀ ਇਸ ਕੰਮ ਨੂੰ ਪਹਿਲ ਦੇ ਅਧਾਰ ਤੇ ਲਵੇਗੀ ।
- ਜਵਾਬ ਦੇਹ ਪੱਖੀ ਵਕੀਲ਼ ਅਤੇ ਇਲੈਕਸ਼ਨ ਮਾਸਟਰ ਦੀ ਫੀਸ ਜੋ ਕਿ $ ੧੦੦,੦੦੦ ਹੈ, ਕਚਹਿਰੀ ਨੇ GSSA ਨੂੰ ਅਦਾ ਕਰਨ ਲਈ ਆਖਿਆ । ਇਸ ਮੁੱਦੇ ਤੇ ਵਿਚਾਰ ਕਰਨ ਲਈ ਸੰਗਤ ਨੂੰ ਚਿੱਠੀਆਂ ਭੇਜੀਆਂ ਗਈਆਂ ।

# ਤੇਜਿੰਦਰ ਸਿੰਘ ਜੱਸਲ

## ਸਕੱਤਰ ਵੱਲੋਂ ਰਿਪ੍ਰੋਟ

### ਦਰਬਾਰ ਹਾਲ ਦੇ ਪ੍ਰੋਗਰਾਮਾਂ ਵਿੱਚ ਸ਼ਲਾਘਾਯੋਗ ਕਾਰਗੁਜਾਰੀ

- California, India, United States ਅਤੇ ਹੋਰ ਮੁਲਕਾਂ ਤੋਂ ਚੰਗੇ ਰਾਗੀ ਜਥੇ ਬੁਲਾਏ ਗਏ ।
- ਬੱਚਿਆਂ ਅਤੇ ਨੌਜਵਾਨ ਪੀੜ੍ਹੀ ਨੂੰ ਸਟੇਜ ਤੋਂ ਸਮਾਂ ਦਿੱਤਾ ਗਿਆ ।
- ਗੁਰਪੁਰਬ ਅਤੇ ਵੈਸਾਖੀ ਤੇ ਉਚੇਚੇ ਪ੍ਰੋਗਰਾਮ ਉਲੀਕੇ ਗਏ ।
- ਸੰਗਤ ਦੇ ਸਹਿਯੋਗ ਨਾਲ ਗੁਰਮਤਿ ਸੰਗੀਤ ਦੇ ਦੀਵਾਨ ਸਜਾਏ ਗਏ ।
- ਸੰਗਤ ਨੂੰ ਦਰਬਾਰ ਹਾਲ ਨਾਲ ਸੰਬੰਧਤ ਜਾਣਕਾਰੀ ਸਮੇਂ ਸਿਰ ਦਿੱਤੀ ਜਾਂਦੀ ਰਹੀ ।

# ਕਰਣਜੀਤ ਸਿੰਘ

## ਵੱਲੋਂ

## ਲੰਗਰ ਸੇਵਾ ਦੀ ਰਿਪ੍ਰੋਟ

- ਲੰਗਰ ਸੇਵਾ ਦੀ ਪ੍ਰਿਕ੍ਰਿਆ ਵਿੱਚ ਸੁਧਾਰ ਲਿਆਂਦਾ ਗਿਆ । ਸ਼ੁੱਕਰਵਾਰ ਦੀ ਲੰਗਰ ਸੇਵਾ $੨੦੦ ਅਤੇ ਐਤਵਾਰ ਦੀ ਲੰਗਰ ਸੇਵਾ $੩੫੦ ਘੱਟ ਕੀਤੀ ਗਈ ਜਿਸ ਕਰਕੇ ਲੰਗਰ ਦੀ ਸੇਵਾ ਵਿੱਚ ਸੰਗਤ ਦਾ ਰੁਝਾਣ ਵਧਿਆ ।

# ਗੁਰਪ੍ਰੀਤ ਸਿੰਘ

## ਵੱਲੋਂ

## ਸੰਗਤ ਭਲਾਈ ਦੇ ਕਾਰਜਾਂ ਦੀ ਰਿਪ੍ਰੋਟ

### ਸੇਹਤ-ਸੰਭਾਲ

- ਸੇਹਤ-ਸੰਭਾਲ ਸੰਬੰਧੀ ਕੈਂਪ ਲਗਾਏ ਗਏ ਜਿਨ੍ਹਾਂ ਵਿੱਚ ਸੇਹਤ ਦੇ ਮਾਹਿਰਾਂ ਨੇ ਸੰਗਤ ਦੀਆਂ ਅੱਖਾਂ, ਬਲੱਡ ਪ੍ਰੈਸ਼ਰ ਤੇ ਹੋਰ ਮੁਫਤ ਦੇਖ-ਭਾਲ ਕੀਤੀ ਅਤੇ ਯੋਗ ਸਲਾਹਵਾਂ ਦਿੱਤਿਆਂ ।

- ਛਾਤੀ ਦੇ ਕੈਂਸਰ ਬਾਰੇ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ ਜਿਸ ਬਾਰੇ ਮਨੁੱਖੀ ਭਾਈ ਚਾਰੇ ਨੂੰ ਜਾਗਰੂਕ ਹੋਣ ਦੀ ਬਹੁਤ ਜਰੂਰਤ ਹੈ। ਸਾਨੂੰ ਜਰੂਰਤ ਹੈ ਕਿ ਅਸੀਂ ਸਹੀ ਢੰਗ ਨਾਲ ਔਰਤ ਵਰਗ ਨੂੰ ਇਸ ਤੋਂ ਜਾਣੂੰ ਕਰਵਾ ਸੱਕੀਏ।

## ਗੁਰਮੱਤ ਵਿੱਦਿਆ

- ਬਜੁਰਗਾਂ ਦੀ ਸੇਵਾ ਲਈ ਹਪਤਾਵਾਰੀ ਪ੍ਰੋਗਰਾਮ ਪਰਮਪਾਲ ਸਿੱਧੂ {ਸਾਬਕਾ ਪ੍ਰਧਾਨ} ਦੀ ਦੇਖ ਰੇਖ ਹੇਠਾਂ ਚਲਾਏ ਜਾ ਰਹੇ ਹਨ।

**ਬਜ਼ੁਰਗ ਹਪਤਾਵਾਰੀ ਪ੍ਰਗਰਾਮ ਦਾ ਲਾਭ ਉਠਾ ਰਹੇ ਹਨ !**





- ਸਮੂਹ ਸਾਧ ਸੰਗਤ ਵਾਸਤੇ ਕੰਪਿਉਟਰ ਕਲਾਸਾਂ ਦੀ ਸੇਵਾ ਮੁੱਖ ਰੂਪ ਵਿੱਚ ਸੇਵਾ ਗਰੁੱਪ ਦੀਆਂ ਬੀਬੀਆਂ ਵੱਲੋਂ ਕੀਤੀ ਜਾ ਰਹੀ ਹੈ। ਉਹਨਾਂ ਦਾ ਬਹੁਤ-ਬਹੁਤ ਧੰਨਵਾਦ ਹੈ।
- **ਹਪਤਾਵਾਰੀ ਗੁਰਮੱਤ ਦੀਆਂ ਕਲਾਸਾਂ ਗਿਆਨੀ ਬਚਿੱਤਰ ਸਿੰਘ ਜੀ ਵੱਲੋਂ ਲਗਾਈਆਂ ਜਾਂਦੀਆਂ ਹਨ**
  - ਗਿਆਨੀ ਜੀ community college ਅੰਗ੍ਰੇਜ਼ੀ ਅਤੇ ਕੰਪਿਊਟਰ ਦੀ ਵਿੱਦਿਆ ਹਾਸਲ ਕਰਨ ਲਈ ਜਾਂਦੇ ਹਨ। ਵਰਕਿੰਗ ਕਮੇਟੀ ਉਹਨਾਂ ਅਤੇ ਸਮੂਹ ਸੇਵਾਦਾਰਾਂ ਦੀ ਵਿਦਿਅਕ ਤਰੱਕੀ ਲਈ ਹੌਂਸਲਾ-ਅਫਜ਼ਾਈ ਕਰਦੀ ਹੈ।



## ਵਰਜੀਤ ਸਿੰਘ
## ਵੱਲੋਂ
## ਬੱਚਿਆਂ ਦੀ ਚੜ੍ਹਦੀ ਕਲਾ ਲਈ ਕੀਤੀ ਸੇਵਾ ਦੀ ਰਿਪ੍ਰੋਟ

- ਖਾਲਸਾ ਸਕੂਲ ਦੇ ਕਾਰਜ ਵਿੱਚ ਮਦਦ ਕੀਤੀ ਗਈ
- ਦਰਬਾਰ ਹਾਲ ਦੇ ਪਿੱਛੇ ਬਾਸਕਿਟ ਬਾਲ ਨੈੱਟ ਲਗਵਾਏ ਗਏ
- ਸਾਲ ੨੦੧੧ ਦੀਆਂ ਸਿੱਖ-ਖੇਡਾਂ ਵਿੱਚ ਹਿੱਸਾ ਤੇ ੨੦੧੨ ਦੀਆਂ ਸਿੱਖ-ਖੇਡਾਂ ਦੀ ਜਿੰਮੇਵਾਰੀ ਲਈ ਗਈ ਅਤੇ ਅੱਗੇ ਯੋਜਨਾਂ ਜਾਰੀ ਹੈ
- Rutgers University ਦੇ ਵਿਦਿਆਰਥੀਆਂ ਨਾਲ ਮਿਲ ਕੇ Sikh programs ਤੇ ਕੰਮ ਜਾਰੀ ਹੈ